12

# ਜਦ ਕੁੱਕੜ ਬਾਂਗ ਦਿੰਦਾ ਹੈ

## (ਮੱਤੀ 26:31-75)

ਪਿੰਡ ਵਿਚ ਰਹਿਣ ਵਾਲੇ ਤਕਰੀਬਨ ਹਰ ਕਿਸੇ ਨੇ ਕੁੱਕੜ ਨੂੰ ਬਾਂਗ ਦਿੰਦਿਆਂ ਸੁਣਿਆ- ਅਤੇ ਇਸ ਮਗ਼ਰੂਰ ਪਰਿੰਦੇ ਨੂੰ ਧੌਣ ਫੁਲਾ ਕੇ ਫ਼ਖ਼ਰ ਨਾਲ ਸਵੇਰ ਦਾ ਸੁਆਗਤ ਕਰਦੇ ਵੇਖਿਆ ਹੋਵੇਗਾ। ਮੈਨੂੰ ਨਹੀਂ ਪਤਾ ਕਿ ਕੁੱਕੜ ਇਵੇਂ ਕਿਉਂ ਕਰਦਾ ਹੈ।[1] ਪਰ ਲਗਦਾ ਹੈ ਕਿ ਮਟਰ ਜਿੰਨੇ ਉਹਦੇ ਛੋਟੇ ਜਿਹੇ ਦਿਮਾਗ਼ 'ਚ ਕਿਤੇ ਇਹ ਗੱਲ ਹੈ ਕਿ ਉਹਦੇ ਬਾਂਗ ਦਿੱਤੇ ਬਿਨਾਂ ਸੂਰਜ ਨਹੀਂ ਚੜ੍ਹੇਗਾ।

ਬਚਪਨ ਵਿਚ ਕੁੱਕੜ ਦੇ ਬਾਂਗ ਦੇਣ ਬਾਰੇ ਮੈਂ ਵੱਖੋ-ਵੱਖ ਵਿਚਾਰ ਸੁਣੇ ਸਨ। ਇਕ ਵਿਚਾਰ ਤਾਂ ਇਹ ਸੀ ਕਿ ਇਹਦਾ ਮਤਲਬ ਹੈ ਕਿ ਦਿਨ ਚੜ੍ਹ ਗਿਆ ਹੈ। ਇਹ ਅੱਛਾ ਵਿਚਾਰ ਸੀ। ਇਹਦਾ ਮਤਲਬ ਇਹ ਵੀ ਸੀ ਕਿ ਮੇਰੇ ਲਈ ਨਿੱਘੇ ਬਿਸਤਰੇ 'ਚੋਂ ਬਾਹਰ ਨਿੱਕਲ ਕੇ ਕੰਮ ਕਾਰ ਸ਼ੁਰੂ ਕਰਨ ਦਾ ਵਕਤ ਹੋ ਗਿਆ ਹੈ, ਜੋ ਕਿ ਐਨੀ ਖ਼ੁਸ਼ੀ ਵਾਲੀ ਗੱਲ ਨਹੀਂ ਸੀ।

ਇਤਿਹਾਸ ਵਿਚ ਇਕ ਆਦਮੀ ਲਈ, ਕੁੱਕੜ ਦੇ ਬਾਂਗ ਦੇਣ ਦੀ ਅਵਾਜ਼ ਨੇ ਖ਼ੁਸ਼ੀ ਤਾਂ ਨਹੀਂ ਪਰ ਗਹਿਰਾ ਸਦਮਾ ਜ਼ਰੂਰ ਦਿੱਤਾ। ਉਸ ਆਦਮੀ ਦਾ ਨਾਂ ਸੀ ਪਤਰਸ। ਮੱਤੀ 26:73-75 ਵਿਚ ਮਿਲਣ ਵਾਲੀ ਇਸ ਦੁਖਦ ਕਹਾਣੀ ਦਾ ਸਾਰ ਇਹ ਹੈ:

> ਅਰ ਥੋੜ੍ਹੇ ਚਿਰ ਪਿੱਛੋਂ ਜਿਹੜੇ ਉੱਥੇ ਖੜੇ ਸਨ ਉਹਨਾਂ ਨੇ ਕੋਲ ਆਣ ਕੇ ਪਤਰਸ ਨੂੰ ਕਿਹਾ, ਸੱਚੀ ਮੁੱਚੀ ਤੂੰ ਭੀ ਉਹਨਾਂ ਵਿੱਚੋਂ ਹੈਂ, ਤੇਰੀ ਬੋਲੀ ਪਈ ਦੱਸਦੀ ਹੈ। ਤਦ ਉਹ ਸਰਾਪ ਦੇਣ ਅਰ ਸੌਂਹ ਖਾਣ ਲੱਗਾ ਭਈ ਮੈਂ ਉਸ ਮਨੁੱਖ ਨੂੰ ਜਾਣਦਾ ਹੀ ਨਹੀਂ। ਅਤੇ ਓਵੇਂ ਕੁੱਕੜ ਨੇ ਬਾਂਗ ਦਿੱਤੀ। ਤਦੋਂ ਪਤਰਸ ਨੂੰ ਉਹ ਗੱਲ ਚੇਤੇ ਆਈ ਜਿਹੜੀ ਯਿਸੂ ਨੇ ਆਖੀ ਸੀ ਜੋ ਕੁੱਕੜ ਦੇ ਬਾਂਗ ਦੇਣ ਤੋਂ ਪਹਿਲਾਂ ਤਿੰਨ ਵਾਰੀ ਤੂੰ ਮੇਰਾ ਇਨਕਾਰ ਕਰੇਂਗਾ ਅਤੇ ਉਹ ਬਾਹਰ ਗਿਆ ਅਰ ਭੁੱਬਾਂ ਮਾਰ ਕੇ ਰੋਇਆ।

ਪਤਰਸ ਦੇ ਇਨਕਾਰ ਦੀ ਕਹਾਣੀ ਦਾ ਅਧਿਐਨ ਅਸੀਂ ਕੁੱਕੜ ਦੇ ਬਾਂਗ ਦੇਣ ਤੇ ਜ਼ੋਰ ਦਿੰਦੇ ਹੋਏ ਕਰਾਂਗੇ। ਇਸ ਲਈ ਅਸੀਂ ਮੱਤੀ 26 ਵਿੱਚੋਂ ਆਇਤਾਂ ਲਵਾਂਗੇ, ਪਰ ਇੰਜੀਲ ਦੀਆਂ ਦੂਜੀਆਂ ਕਿਤਾਬਾਂ ਵਿੱਚੋਂ ਵੀ ਕੁਝ ਹਵਾਲੇ ਲਏ ਜਾਣਗੇ (ਮਰਕੁਸ 14; ਲੂਕਾ 22; ਯੂਹੰਨਾ 18)। ਪਹਿਲਾਂ ਤਾਂ ਅਸੀਂ ਵੇਖਾਂਗੇ ਕਿ ਜਦ ਕੁੱਕੜ ਨੇ ਪਤਰਸ ਲਈ ਬਾਂਗ ਦਿੱਤੀ ਅਤੇ ਫਿਰ ਅਸੀਂ ਧਿਆਨ ਦਿਆਂਗੇ ਕਿ ਕੁੱਕੜ ਜਦ ਸਾਡੇ ਲਈ ਬਾਂਗ ਦਿੰਦਾ ਹੈ।

# ਕੁੱਕੜ ਨੇ ਜਦ ਪਤਰਸ ਲਈ ਬਾਂਗ ਦਿੱਤੀ

**ਐਲਾਨ ਅਤੇ ਵਿਰੋਧ**

ਮੱਤੀ 26 ਵਿਚ ਯਿਸੂ ਚੁਬਾਰੇ ਵਾਲੇ ਕਮਰੇ ਵਿਚ ਆਪਣੇ ਚੇਲਿਆਂ ਦੇ ਨਾਲ ਸੀ। ਉਹਨੂੰ ਪਤਾ ਸੀ ਕਿ ਅੱਗੇ ਕੀ ਹੋਵੇਗਾ ਅਤੇ ਉਹਨੇ ਆਪਣੇ ਪੈਰੋਕਾਰਾਂ ਨੂੰ ਚੌਕਸ ਕਰਨ ਦੀ ਕੋਸ਼ਿਸ਼ ਕੀਤੀ। ਕਹਿੰਦੇ ਨੇ ਕਿ ''ਚੌਕਸੀ ਦਾ ਮਤਲਬ ਹਥਿਆਰ ਕੱਸ ਲੈਣਾ ਹੈ।'' ਉਹਨੇ ਇਹ ਕਹਿੰਦਿਆਂ ਗੱਲ ਸ਼ੁਰੂ ਕੀਤੀ, ''ਅੱਜ ਰਾਤ ਤੁਸੀਂ ਸੱਭੇ ਮੇਰੇ ਕਾਰਨ ਠੋਕਰ ਖਾਵੋਗੇ'' (ਆਇਤ 31ੳ)। ਯਿਸੂ ਦੇ ਕਹਿਣ ਤੋਂ ਭਾਵ ਸੀ ਕਿ ''ਅੱਜ ਰਾਤ ਤੁਸੀਂ ਮੇਰੇ ਕਾਰਣ ਐਨੇ ਸ਼ਰਮਿੰਦੇ ਹੋਵੋਗੇ ਕਿ ਠੋਕਰ ਖਾ ਕੇ ਡਿੱਗ ਪਵੋਗੇ।''

ਫਿਰ ਯਿਸੂ ਨੇ ਜ਼ਕਰਯਾਹ 13:7 ਵਿੱਚੋਂ ਦੁਹਰਾਇਆ: ''ਕਿਉਂਕਿ ਇਹ ਲਿਖਿਆ ਹੈ ਕਿ ਮੈਂ ਅਯਾਲੀ ਨੂੰ ਮਾਰਾਂਗਾ ਅਤੇ ਇੱਜੜ ਦੀਆਂ ਭੇਡਾਂ ਖਿੱਲਰ ਜਾਣਗੀਆਂ'' (ਆਇਤ 31ਅ)। ਅਯਾਲੀ ਨੂੰ ਮਾਰਨ ਦੀ ਗੱਲ ਯਿਸੂ ਦੀ ਮੌਤ ਦੇ ਸਬੰਧ ਵਿਚ ਕਹੀ ਗਈ ਸੀ। ਭੇਡਾਂ ਦੇ ਖਿੱਲਰ ਜਾਣ ਦੀ ਗੱਲ ਚੇਲਿਆਂ ਦੇ ਭੱਜ ਜਾਣ ਦੇ ਸੰਬੰਧ ਵਿਚ ਸੀ।

ਬੇਸ਼ੱਕ ਯਿਸੂ ਇਹ ਸੁਝਾਅ ਦੇ ਰਿਹਾ ਸੀ ਕਿ ਚੇਲੇ ਉਹਨੂੰ ਛੱਡ ਜਾਣਗੇ ਪਰ ਫਿਰ ਵੀ ਉਹ ਉਹਨਾਂ ਨੂੰ ਪਿਆਰ ਕਰਦਾ ਅਤੇ ਕਬੂਲ ਕਰਦਾ ਸੀ। ਆਇਤ 32 ਵਿਚ ਉਹਨੇ ਆਪਣੇ ਜੀ ਉੱਠਣ ਅਤੇ ਚੇਲਿਆਂ ਦੇ ਫੇਰ ਮਿਲਣ ਦੀ ਗੱਲ ਦੱਸੀ: ''ਪਰ ਮੈਂ ਆਪਣੇ ਜੀ ਉੱਠਣ ਦੇ ਪਿੱਛੋਂ ਤੁਹਾਥੋਂ ਅੱਗੇ ਗਲੀਲ ਨੂੰ ਜਾਵਾਂਗਾ।''

ਪਰ ਪਤਰਸ ਨੇ ਉਸ ਪਿਆਰ ਅਤੇ ਲਗਾਅ ਨੂੰ ਨਹੀਂ ਸੁਣਿਆ। ਉਹਨੂੰ ਸਿਰਫ਼ ਉਹਦੇ ਅਤੇ ਦੂਸਰੇ ਚੇਲਿਆਂ ਦੇ ਛੱਡ ਜਾਣ ਦੀ ਅਤੇ ਇਹ ਕਿ ਉਹਨਾਂ ਨੂੰ ਕਬੂਲ ਕੀਤਾ ਜਾ ਸਕਦਾ ਹੈ, ਗੱਲ ਹੀ ਸੁਣਾਈ ਦਿੱਤੀ। ''ਤਦ ਪਤਰਸ ਨੇ ਉਹ ਨੂੰ ਉੱਤਰ ਦਿੱਤਾ, ਭਾਵੇਂ ਤੇਰੇ ਕਾਰਣ ਸੱਭੇ ਠੋਕਰ ਖਾਣ ਪਰ ਮੈਂ ਠੋਕਰ ਕਦੇ ਨਹੀਂ ਖਾਵਾਂਗਾ'' (ਆਇਤ 33)। ਆਪਣੇ ਗੁਰੂ ਨੂੰ ਇਹ ਕਹਿਣ ਵਾਲਾ ਕਿ ''ਤੁਸੀਂ ਗਲਤ ਹੋ; ਇਸ ਵਾਰੀ ਤੁਸੀਂ ਗਲਤੀ ਕਰ ਗਏ!'' ਪਤਰਸ ਪਹਿਲਾ ਅਤੇ ਆਖ਼ਰੀ ਚੇਲਾ ਨਹੀਂ ਸੀ।

ਪਤਰਸ ਨੇ ਹੁਣੇ-ਹੁਣੇ ਪ੍ਰਭੂ-ਭੋਜ ਦੀ ਸਥਾਪਨਾ ਵਿਚ ਭਾਗ ਲਿਆ ਸੀ। ਉਹਨੇ ਦੂਜੇ ਚੇਲਿਆਂ ਅਤੇ ਪ੍ਰਭੂ ਦੇ ਨਾਲ ਸੰਗਤੀ ਕੀਤੀ ਸੀ। ਉਹਨੂੰ ਲੱਗਿਆ ਕਿ ਉਹ ਬੜਾ ਮਜ਼ਬੂਤ ਹੋ ਗਿਆ ਹੈ! ''ਇਹ ਕਦੇ ਨਹੀਂ ਹੋ ਸਕਦਾ!'' ਉਹ ਜ਼ੋਰ ਦੇ ਕੇ ਕਹਿ ਰਿਹਾ ਸੀ।

ਯਿਸੂ ਨੇ ਚਿਤਾਵਨੀ ਦੁਹਰਾਉਂਦੇ ਹੋਏ ਖ਼ਾਸ ਪਤਰਸ ਨੂੰ ਹੀ ਕਿਹਾ: ''ਮੈਂ ਤੈਨੂੰ ਸਤ ਆਖਦਾ ਹਾਂ ਜੋ ਅੱਜ ਰਾਤ ਕੁੱਕੜ ਦੇ ਬਾਂਗ ਦੇਣ ਤੋਂ ਪਹਿਲਾਂ ਤਿੰਨ ਵਾਰੀ ਤੂੰ ਮੇਰਾ ਇਨਕਾਰ ਕਰੇਂਗਾ'' (ਆਇਤ 34)। ''ਕੁੱਕੜ ਦੇ ਬਾਂਗ ਦੇਣ ਤੋਂ ਪਹਿਲਾਂ'' ਦਾ ਅਰਥ ਹੈ ''ਸਵੇਰ ਹੋਣ ਤੋਂ ਪਹਿਲਾਂ।'' ਦੂਜੇ ਸ਼ਬਦਾਂ ਵਿਚ, ਯਿਸੂ ਨੇ ਪਤਰਸ ਨੂੰ ਕਿਹਾ, ''ਹੁਣ ਤੋਂ ਤਿੰਨ, ਚਾਰ ਜਾਂ ਪੰਜ ਘੰਟਿਆਂ ਦੇ ਵਿਚ-ਵਿਚ ਤੂੰ ਤਿੰਨ ਵਾਰ ਮੇਰਾ ਇਨਕਾਰ ਕਰੇਂਗਾ।''

ਪਤਰਸ ਇਹੋ ਜਿਹੀ ਗੱਲ ਸੋਚ ਵੀ ਨਹੀਂ ਸਕਦਾ ਸੀ। ਇਹ ਤਾਂ ਦਿਨ ਨੂੰ ਰਾਤ, ਅਸਮਾਨ ਨੂੰ ਜ਼ਮੀਨ, ਬਰਫ਼ ਨੂੰ ਪਾਣੀ ਅਤੇ ਗਰਮੀ ਨੂੰ ਠੰਡ ਕਹਿਣ ਵਾਂਗ ਹੀ ਸੀ। ਉਹਨੇ ਕਿਹਾ, ''ਭਾਵੇਂ ਤੇਰੇ ਨਾਲ ਮੈਨੂੰ ਮਰਨਾ ਭੀ ਪਵੇ ਤਾਂ ਵੀ ਮੈਂ ਤੇਰਾ ਇਨਕਾਰ ਕਦੀ ਨਾ ਕਰਾਂਗਾ'' (ਆਇਤ 35)! ਤੁਸੀਂ 1 ਕੁਰਿੰਥੀਆਂ 10:12 ਯਾਦ ਕਰ ਸਕਦੇ ਹੋ: ''ਗੱਲ ਕਾਹਦੀ ਜੋ ਕੋਈ ਆਪਣੇ ਆਪ ਨੂੰ

ਖਲੋਤਾ ਹੋਇਆ ਸਮਝਦਾ ਹੈ ਸੋ ਸੁਚੇਤ ਰਹੇ ਭਈ ਕਿਤੇ ਡਿੱਗ ਨਾ ਪਵੇ।''

**ਹਕੀਕਤ ਅਤੇ ਨਤੀਜੇ**

ਚਿਤਾਵਨੀ ਦੇਣ ਬਾਅਦ ਯਿਸੂ ਅਤੇ ਚੇਲੇ ਚੁਬਾਰੇ ਵਾਲੇ ਕਮਰੇ ਦੀ ਵੇਦੀ ਤੋਂ ''ਅਸਲੀ ਦੁਨੀਆਂ'' ਭਾਵ ਗਤਸਮਨੀ ਦੇ ਬਾਗ ਵਿਚ ਚਲੇ ਗਏ। ਯਿਸੂ ਨੇ ਬਾਗ਼ ਵਿਚ ਜਾਣ ਲਈ ਆਪਣੇ ਨਾਲ ਪਤਰਸ, ਯਾਕੂਬ ਅਤੇ ਯੂਹੰਨਾ ਨੂੰ ਨਾਲ ਲੈ ਲਿਆ। ਉਹਨੇ ਉਹਨਾਂ ਨੂੰ ਕਿਹਾ, ''ਜਾਗੋ ਅਤੇ ਪ੍ਰਾਰਥਨਾ ਕਰੋ'' (ਆਇਤ 41), ਪਰ ਉਹ ਸੌਂ ਗਏ। ਪਤਰਸ, ਜਦ ਉਹਨੂੰ ਸੁਣਨਾ ਚਾਹੀਦਾ ਸੀ ਤਦ ਉਹ ਬੋਲ ਰਿਹਾ ਸੀ, ਹੁਣ ਜਦ ਉਹਨੂੰ ਦੁਆ ਕਰਨੀ ਚਾਹੀਦੀ ਸੀ ਤਾਂ ਉਹ ਸੌਂ ਰਿਹਾ ਸੀ। ਹੈਰਾਨੀ ਦੀ ਗੱਲ ਨਹੀਂ ਕਿ ਉਹ ਡਿੱਗਣ ਹੀ ਵਾਲਾ ਸੀ!

ਭੀੜ ਆ ਗਈ ਅਤੇ ਯਹੂਦਾ ਨੇ ਯਿਸੂ ਦੀ ਪਛਾਣ ਇਕ ਚੁੰਮੇ ਨਾਲ ਕਰਵਾਈ। ਪਤਰਸ ਤਿਆਰ ਸੀ: ਆਪਣੀ ਤਲਵਾਰ ਕੱਢ ਕੇ ਉਹਨੇ ਪ੍ਰਧਾਨ ਜਾਜਕ ਦੇ ਸੇਵਕ ਦੇ ਕੰਨ ਦਾ ਆਪ੍ਰੇਸ਼ਨ ਕਰ ਦਿੱਤਾ, ਯਾਨੀ ਉਹਦਾ ਕੰਨ ਹੀ ਉਤਾਰ ਦਿੱਤਾ (ਆਇਤ 51; ਯੂਹੰਨਾ 18: 10)। ਯਿਸੂ ਨੇ ਉਹਦੇ ਵੱਲ ਵੇਖ ਕੇ ਕਿਹਾ, ''ਆਪਣੀ ਤਲਵਾਰ ਮਿਆਨ ਕਰ ਕਿਉਂਕਿ ਸਭ ਜੋ ਤਲਵਾਰ ਖਿੱਚਦੇ ਹਨ ਤਲਵਾਰ ਨਾਲ ਮਾਰੇ ਜਾਣਗੇ'' (ਆਇਤ 52)।

ਪਤਰਸ ਦੇ ਵਿਰੋਧ ਦੀ ਕਲਪਨਾ ਕਰੋ: ''ਪ੍ਰਭੂ, ਇਕ ਮਿੰਟ ਰੁਕ ਜਾਓ। ਮੈਂ ਕਿਹਾ ਸੀ ਨਾ ਮੈਂ ਤੁਹਾਡੇ ਲਈ ਮਰ ਜਾਵਾਂਗਾ ਤੇ ਵੇਖੋ ਮੈਂ ਹੁਣ ਤਿਆਰ ਹਾਂ! ਪ੍ਰਭੂ, ਤੁਸੀਂ ਮੇਰੇ ਪਿੱਛੇ ਹੋ ਜਾਓ ਅਤੇ ਮੈਂ ਤੁਹਾਨੂੰ ਬਚਾ ਲਵਾਂਗਾ। ਤੁਹਾਨੂੰ ਫੜ੍ਹਨ ਲਈ ਉਹਨਾਂ ਨੂੰ ਮੇਰੀ ਲਾਸ਼ ਉੱਤੋਂ ਦੀ ਹੋ ਕੇ ਜਾਣਾ ਪਊ!'' ਪਰ ਯਿਸੂ ਨੇ ਕਿਹਾ, ''ਪਤਰਸ, ਆਪਣੀ ਤਲਵਾਰ ਮਿਆਨ 'ਚ ਰੱਖ।'' ਇਸ ਤਰ੍ਹਾਂ ਪਤਰਸ ਦਾ ਸਾਹਮਣਾ ਹਕੀਕਤ ਨਾਲ ਹੋਇਆ। ਉਹਦੀਆਂ ਆਪਣੀਆਂ ਇਨਸਾਨੀ ਯੋਜਨਾਵਾਂ ਸਨ, ਪਰ ਉਹ ਪ੍ਰਭੂ ਦੀ ਯੋਜਨਾ ਨਹੀਂ ਸੀ।

ਅਕਸਰ ਸਾਡੀਆਂ ਵੀ ਆਪਣੀਆਂ ਇਨਸਾਨੀ ਯੋਜਨਾਵਾਂ ਹੁੰਦੀਆਂ ਹਨ, ਹੈ ਨਾ? ਸਾਡੇ ਕੋਲ ਆਪਣੀ ਸੁਰੱਖਿਆ ਦੇ ਵਸੀਲੇ ਅਤੇ ਯੋਜਨਾਵਾਂ-ਆਪਣੇ ਘਰ ਅਤੇ ਦੌਲਤ; ਨੌਕਰੀ; ਸਿਹਤ ਅਤੇ ਤਾਕਤ; ਵਿਆਹ, ਪਤੀ/ਪਤਨੀ ਅਤੇ ਬੱਚੇ ਹੁੰਦੇ ਹਨ। ਪਰ ਉਹ ਸਭ ਅਚਾਨਕ ਲੈ ਲਏ ਜਾ ਸਕਦੇ ਹਨ। ਅਜਿਹਾ ਹੋਣ ਤੇ ਅਸੀਂ ਆਪਣੇ ਆਪ ਨੂੰ ਕਿੰਨਾ ਲਚਾਰ ਮਹਿਸੂਸ ਕਰਦੇ ਹਾਂ! ਅਸੀਂ ਪੁਕਾਰਦੇ ਹਾਂ, ''ਹੇ ਪ੍ਰਭੂ, ਤੂੰ ਸਾਡੇ ਨਾਲ ਇੰਜ ਕਿਉਂ ਕੀਤਾ?'' ਸ਼ਾਇਦ, ਅਤੇ ਸਿਰਫ਼ ਸ਼ਾਇਦ ਪ੍ਰਭੂ ਚਾਹੁੰਦਾ ਹੈ ਕਿ ਅਸੀਂ *ਉਸ* ਉੱਤੇ ਹੀ ਨਿਰਭਰ ਰਹਿਣਾ ਸਿੱਖੀਏ।

ਪਤਰਸ ਦੇ ਹਉਮੈ ਨੂੰ ਵੀ ਸੱਟ ਲੱਗੀ ਸੀ, ਯਿਸੂ ਨੇ ਉਹਨੂੰ ਸਭ ਲੋਕਾਂ ਸਾਹਮਣੇ ਡਾਂਟਿਆ ਜੁ ਸੀ।

ਪਤਰਸ ਨੂੰ ਹੁਣ ਹਕੀਕਤ ਸਮਝ ਆਉਣ ਲੱਗੀ ਸੀ। ਭੀੜ ਯਿਸੂ ਨੂੰ ਫੜ੍ਹ ਕੇ ਲੈ ਗਈ। ਜਿਵੇਂ ਯਿਸੂ ਨੇ ਪਹਿਲਾਂ ਹੀ ਕਿਹਾ ਸੀ, ''ਤਦ ਸਾਰੇ ਚੇਲੇ ਉਹ ਨੂੰ ਛੱਡ ਕੇ ਭੱਜ ਗਏ'' (ਆਇਤ 56ਅ)।

> ਜਿਨ੍ਹਾਂ ਨੇ ਯਿਸੂ ਨੂੰ ਫੜ੍ਹਿਆ ਸੀ ਸੋ ਸਰਦਾਰ ਜਾਜਕ ਕਯਾਫ਼ਾ ਦੇ ਕੋਲ ਜਿੱਥੇ ਗ੍ਰੰਥੀ ਅਰ ਬਜ਼ੁਰਗ ਇਕੱਠੇ ਹੋਏ ਸਨ ਉਹ ਨੂੰ ਲੈ ਗਏ। ਅਤੇ ਪਤਰਸ ਕੁਝ ਵਿੱਥ ਨਾਲ ਉਹ ਦੇ ਪਿੱਛੇ-ਪਿੱਛੇ ਸਰਦਾਰ ਜਾਜਕ ਦੇ ਵਿਹੜੇ ਤੀਕ ਚਲਿਆ ਗਿਆ ਅਤੇ

ਅੰਦਰ ਜਾ ਕੇ ਸਿਪਾਹੀਆਂ ਨਾਲ ਬੈਠਾ ਭਈ ਓੜਕ ਨੂੰ ਵੇਖੇ (ਆਇਤਾਂ 57, 58)।

ਇਕ ਹੋਰ ਵਿਰਤਾਂਤ ਵਿਚ ਪਤਾ ਲਗਦਾ ਹੈ ਕਿ ਯੂਹੰਨਾ ਵੀ ਭੀੜ ਦੇ ਨਾਲ ਸਰਦਾਰ ਜਾਜਕ ਦੇ ਘਰ ਗਿਆ (ਯੂਹੰਨਾ 18:15)।

ਹਜੂਮ ਓਸੇ ਰਾਹ ਸ਼ਹਿਰ ਨੂੰ ਮੁੜ ਗਿਆ ਹੋਵੇਗਾ ਜਿਸ ਰਾਹ ਯਿਸੂ ਅਤੇ ਉਹਦੇ ਚੇਲੇ ਆਏ ਸਨ-ਬਾਗ 'ਚੋਂ ਨਿੱਕਲ ਕੇ, ਕਿਦ੍ਰੋਨ ਦੇ ਨਾਲੇ ਦੇ ਪਾਰ ਵਾਪਸ ਸ਼ਹਿਰ ਵਿਚ-ਪ੍ਰਧਾਨ ਜਾਜਕ ਦੇ ਘਰ ਪਹੁੰਚਣ ਤਕ। ਯੂਹੰਨਾ ਪ੍ਰਧਾਨ ਜਾਜਕ ਦੀ ਜਾਣ ਪਛਾਣ 'ਚ ਸੀ (ਉਹਦੇ ਨਾਲ ਕੋਈ ਕਾਰੋਬਾਰੀ ਰਿਸ਼ਤਾ ਸੀ), ਸੋ ਉਹ ਅੰਦਰ ਚਲਾ ਗਿਆ। ਫਿਰ ਪਤਰਸ ਚਲਾ ਗਿਆ (ਯੂਹੰਨਾ 18:16)।

ਪਤਰਸ ਵਿਹੜੇ ਵਿਚ ਚਲਾ ਗਿਆ ਜੋ ਸਾਰੀਆਂ ਇਮਾਰਤਾਂ ਦੇ ਵਿਚਕਾਰ ਹੋਵੇਗਾ। ਇੰਜੀਲ ਦੇ ਦੂਜੇ ਵਿਰਤਾਂਤਾਂ ਵਿਚ ਦੱਸਿਆ ਗਿਆ ਹੈ ਕਿ ਉੱਥੇ ਕੁਝ ਅੱਗ ਬਲ ਰਹੀ ਸੀ ਜੋ ਜ਼ਰੂਰ ਸਿਆਲ ਦੀ ਠੰਡੀ ਰਾਤ ਵਿਚ ਗਰਮਾਇਸ਼ ਰੱਖਣ ਲਈ ਬਾਲੀ ਗਈ ਹੋਵੇਗੀ। ਪਤਰਸ ਇਸ ਤਰ੍ਹਾਂ ਵਿਖਾਉਂਦਿਆਂ ਜਿਵੇਂ ਉਹ ਉੱਥੋਂ ਦਾ ਹੀ ਹੋਵੇ ਅੱਗ ਸੇਕਣ ਲੱਗ ਪਿਆ। ਮੱਤੀ 26:58 ਵਿਚ ਕਿਹਾ ਗਿਆ ਹੈ ਕਿ ਉਹ ਗਿਆ ''ਭਈ ਓੜਕ ਨੂੰ ਵੇਖੇ।'' ਉਹ ਖੁੱਲ੍ਹੇ ਦਰਵਾਜ਼ਿਆਂ ਅਤੇ ਖਿੜਕੀਆਂ ਵਿੱਚੋਂ ਦੀ ਮੁਕੱਦਮੇ ਦੀ ਕਾਰਵਾਈ ਨੂੰ ਵੇਖ ਸਕਦਾ ਹੋਵੇਗਾ।

ਅੱਗੇ ਵਧਣ ਤੋਂ ਪਹਿਲਾਂ, ਇਹ ਧਿਆਨ ਦਈਏ ਕਿ ਕੋਈ ਹੋਰ ਚੇਲਾ ਵਿਹੜੇ ਜਾਂ ਕਹੋ ਕਿ ਸ਼ੇਰਾਂ ਦੀ ਮਾਂਦ ਵਿਚ ਨਹੀਂ ਵੜਿਆ ਸੀ। ਯੂਹੰਨਾ ਦੇ ਇਲਾਵਾ,[2] ਸਾਰੇ ਚੇਲੇ ਖਿੱਲਰ ਗਏ ਸਨ। ਇਸ ਲਈ ਪਤਰਸ ਨੂੰ ਉਹਦੀ ਹਿੰਮਤ ਅਤੇ ਵਚਨਬੱਧਤਾ ਲਈ ਸ਼ਾਬਾਸ਼ ਦਿੰਦੇ ਹਾਂ।

ਫਿਰ ਹਕੀਕਤ ਇਕ ਛੋਟੀ ਘਰੇਲੂ ਗੋਲੀ ਦੇ ਰੂਪ ਵਿਚ ਆ ਡਿੱਗੀ ਜਿਸ ਨੇ ਪਤਰਸ ਅਤੇ ਯੂਹੰਨਾ ਨੂੰ ਅੰਦਰ ਆਉਣ ਦਿੱਤਾ ਸੀ (ਯੂਹੰਨਾ 18:17)। ਇਹ ਛੋਟੀ ਜਿਹੀ ਕੁੜੀ ਆਣ ਕੇ ਇਸ ਮਜ਼ਬੂਤ ਮਛਿਆਰੇ ਨੂੰ ਛੋਟੀ ਜਿਹੀ ਗੱਲ ਕਹਿੰਦੀ ਹੈ: ''ਯਿਸੂ ਗਲੀਲੀ ਦੇ ਨਾਲ ਤੂੰ ਭੀ ਸੈਂ'' (ਆਇਤ 69)। ਪਤਰਸ ਨੂੰ ਗਰਮੀ ਮਹਿਸੂਸ ਹੋਣ ਲੱਗੀ, ਕੋਲਿਆਂ ਦੀ ਅੱਗ ਤੋਂ ਨਹੀਂ ਸਗੋਂ ਭੀੜ ਤੋਂ, ਅਤੇ ਮਜ਼ਬੂਤ ਆਦਮੀ ਇਸ ਛੋਟੀ ਕੁੜੀ ਦੇ ਸਾਹਮਣੇ ਢਹਿ-ਢੇਰੀ ਹੋ ਗਿਆ: ''ਮੈਂ ਨਹੀਂ ਜਾਣਦਾ ਤੂੰ ਕੀ ਬੋਲਦੀ ਹੈਂ'' (ਆਇਤ 70)। ਪਹਿਲਾ ਇਨਕਾਰ ਹੋ ਗਿਆ ਸੀ।

ਪਤਰਸ ਪਿੱਛੇ ਹਟ ਗਿਆ। ਅੱਗ ਤੋਂ ਪਰ੍ਹੇ ਹੋ ਕੇ ਉਹ ਡਿਓੜ੍ਹੀ ਵੱਲ ਹਨ੍ਹੇਰੇ 'ਚ ਪਿੱਛੇ ਚਲਾ ਗਿਆ। ਅਜੇ ਵੀ, ਉਹ ਦੂਰ ਨਹੀਂ ਸੀ ਹੋਇਆ। ਇਕ ਹੋਰ ਗੋਲੀ ਨੇ ਉਹਨੂੰ ਉੱਥੇ ਪਛਾਣ ਲਿਆ। ''ਜਦ ਉਹ ਬਾਹਰ ਡਿਓੜ੍ਹੀ ਵਿਚ ਗਿਆ ਦੂਈ ਨੇ ਉਹ ਨੂੰ ਵੇਖ ਕੇ ਉਹਨਾਂ ਨੂੰ ਜਿਹੜੇ ਉੱਥੇ ਸਨ ਆਖਿਆ, ਇਹ ਭੀ ਯਿਸੂ ਨਾਸਰੀ ਦੇ ਨਾਲ ਸੀ'' (ਆਇਤ 71)। ਇੰਜੀਲ ਦੇ ਸਾਰੇ ਵਿਰਤਾਂਤਾਂ ਨੂੰ ਮਿਲਾਉਣ ਤੇ ਪਤਾ ਲਗਦਾ ਹੈ ਕਿ ਇਸ ਸਮੇਂ ਕਈ ਲੋਕ ਉੱਥੇ ਸ਼ਾਮਲ ਸਨ। ਘੱਟੋ ਘੱਟ ਦੋ ਨੇ ਤਾਂ ਇਹ ਕਿਹਾ ਸੀ ਕਿ ''ਹਾਂ, ਬਿਲਕੁਲ ਸਹੀ ਹੈ। ਇਹ ਯਿਸੂ ਨਾਸਰੀ ਦੇ ਨਾਲ ਹੀ ਸੀ!''

ਪਤਰਸ ਦੇ ਪਸੀਨੇ ਛੁੱਟ ਗਏ ਹੋਣਗੇ। ''ਅਤੇ ਉਹ ਸੌਂਹ ਖਾ ਕੇ ਫੇਰ ਮੁੱਕਰ ਗਿਆ ਜੋ ਮੈਂ ਉਸ ਮਨੁੱਖ ਨੂੰ ਜਾਣਦਾ ਹੀ ਨਹੀਂ'' (ਆਇਤ 72)। ''ਸੌਂਹ'' ਦਾ ਅਰਥ ਉਹ ਨਹੀਂ ਹੋਵੇਗਾ ਜਿਸ ਨੂੰ ਅਸੀਂ ਕੁਫ਼ਰ ਕਹਿੰਦੇ ਹਾਂ, ਸਗੋਂ ਯਹੂਦੀ ਲੋਕਾਂ ਦੁਆਰਾ ਆਮ ਸੌਂਹ ਖਾਣ ਦਾ ਢੰਗ ਹੈ। ਉਹਨੇ ਸੌਂਹ ਖਾ ਕੇ ਕਿਹਾ ਕਿ ਉਹ ਸੱਚ ਬੋਲ ਰਿਹਾ ਹੈ। ਇਹ ਉਹਦਾ ਦੂਜਾ ਇਨਕਾਰ ਸੀ।

### ਦੁਖਾਂਤ ਅਤੇ ਅੱਥਰੂ

ਪਤਰਸ ਦੇ ਜ਼ਬਰਦਸਤ ਇਨਕਾਰਾਂ ਦਾ ਨਤੀਜਾ ਉਹੀ ਹੋਇਆ ਜਿਹਦਾ ਬਹੁਤਾ ਡਰ ਸੀ; ਉਹਨਾਂ ਨਾਲ ਉਹਦਾ ਆਪਣੇ ਵੱਲ ਧਿਆਨ ਚਲਿਆ ਗਿਆ। ਇਕ ਛੋਟੀ ਭੀੜ ਇਕੱਠੀ ਹੋ ਗਈ। ਇਕ ਆਦਮੀ ਉਹਦਾ ਰਿਸ਼ਤੇਦਾਰ ਸੀ ਜਿਹਦਾ ਕੰਨ ਪਤਰਸ ਨੇ ਉਡਾਇਆ ਸੀ। ਉਹ ਕਹਿਣ ਲੱਗੇ, ''ਸੱਚੀ ਮੁੱਚੀ ਤੂੰ ਭੀ ਉਹਨਾਂ ਵਿੱਚੋਂ ਹੈਂ, ਤੇਰੀ ਬੋਲੀ ਪਈ ਦੱਸਦੀ ਹੈ'' (ਆਇਤ 73)।

ਗਲੀਲੀਆਂ ਦੇ ਲਹਿਜ਼ੇ ਵਿਚ ਫ਼ਰਕ ਸੀ। ਉਹਨਾਂ ਦੇ ਸ਼ਬਦਾਂ ਦਾ ਉੱਚਾਰਣ ਅਸਪਸ਼ਟ ਹੁੰਦਾ ਸੀ। ਉਹ ਕਈ ਅੱਖਰਾਂ ਨੂੰ ਇੱਕੋ ਜਿਹੇ ਬੋਲ ਜਾਂਦੇ ਸਨ ਅਤੇ ਕਈ ਅੱਖਰ ਬੋਲਦੇ ਹੀ ਨਹੀਂ ਸਨ [ਜਿਵੇਂ ਕਈ ਲੋਕ ਸੜਕ ਨੂੰ ਸ਼ੜਕ, ਵਹਿੜੇ ਨੂੰ ਬਹਿੜਾ ਬੋਲਦੇ ਹਨ-ਅਨੁਵਾਦਕ]। ਦੂਜੇ ਯਹੂਦੀਆਂ ਨੂੰ ਉਹਨਾਂ ਦੇ ਬੋਲਣ ਦਾ ਲਹਿਜ਼ਾ ਐਨਾ ਅਟਪਟਾ ਲਗਦਾ ਸੀ ਕਿ ਆਮ ਤੌਰ ਤੇ ਗਲੀਲੀਆਂ ਨੂੰ ਯਹੂਦੀ ਸਭਾਵਾਂ ਵਿਚ ਦੁਆ ਕਰਨ ਦੀ ਮਨਾਹੀ ਸੀ। ਇਸ ਤਰ੍ਹਾਂ ਪਤਰਸ ਜਦ ਵੀ ਮੂੰਹ ਖੋਲ੍ਹਦਾ ਉਹ ਅਲਾਬਾਮਾ ਦੇ ਬੋਸਟੋਨਿਯਨ ਵਾਂਗ ਬੋਲਦਾ ਸੀ।[3]

''ਤਦ ਉਹ ਸਰਾਪ ਦੇਣ ਅਰ ਸੌਂਹ ਖਾਣ ਲੱਗਾ ਭਈ ਮੈਂ ਉਸ ਮਨੁੱਖ ਨੂੰ ਜਾਣਦਾ ਹੀ ਨਹੀਂ'' (ਆਇਤ 74ੳ)। ਪਤਰਸ ਨੇ ਮੱਛੀਆਂ ਫੜ੍ਹਨ ਵਾਲੇ ਵਾਂਗ ਗਵਾਰੀ ਭਾਸ਼ਾ ਵਿਚ ਆਪਣੇ ਆਪ ਨੂੰ ਗਾਲ਼ਾਂ ਕੱਢਦਿਆਂ ਗੱਲ ਕੀਤੀ ਹੋਵੇਗੀ। ਪਤਰਸ ਰੌਲਾ ਪਾ ਰਿਹਾ ਸੀ, ''ਨਹੀਂ, ਨਹੀਂ, ਬਿਲਕੁਲ ਨਹੀਂ, ਮੈਂ ਉਹਨੂੰ ਬਿਲਕੁਲ ਨਹੀਂ ਜਾਣਦਾ!'' ਇਸ ਤਰ੍ਹਾਂ ਉਹਨੇ ਤੀਸਰਾ ਇਨਕਾਰ ਕੀਤਾ।

ਲੂਕਾ ਨੇ ਇੱਥੇ ਇਕ ਟਿੱਪਣੀ ਜੋੜੀ ਹੈ: ''ਤਾਂ ਪ੍ਰਭੂ ਨੇ ਮੁੜ ਕੇ ਪਤਰਸ ਵੱਲ ਨਿਗਾਹ ਕੀਤੀ'' (ਲੂਕਾ 22:61)। ਹੋ ਸਕਦਾ ਹੈ ਕਿ ਯਿਸੂ ਨੇ ਖਿੜਕੀ ਜਾਂ ਦਰਵਾਜ਼ੇ ਵਿੱਚੋਂ ਦੀ ਝਾਕਿਆ ਹੋਵੇ, ਹੋ ਸਕਦਾ ਹੈ ਕਿ ਯਿਸੂ ਨੇ ਜਦ ਉਹਨੂੰ ਇਕ ਥਾਂ ਤੋਂ ਦੂਜੀ ਥਾਂ ਪੇਸ਼ੀ ਲਈ ਲਿਜਾਇਆ ਜਾ ਰਿਹਾ ਹੋਵੇਗਾ ਪਿੱਛੇ, ਮੁੜ ਕੇ ਵੇਖਿਆ ਹੋਵੇ। ਜੋ ਵੀ ਹੋਵੇ, ਇਸ ਸਭ ਦੇ ਦੌਰਾਨ ਜੋ ਕੁਝ ਉਹਦੇ ਨਾਲ ਹੋ ਰਿਹਾ ਸੀ, ਯਿਸੂ ਨੂੰ ਵੀ ਪਤਾ ਸੀ ਕਿ ਪਤਰਸ ਨਾਲ ਕੀ ਹੋ ਰਿਹਾ ਹੈ।

ਇਹ ਅਹਿਸਾਸ ਹੋਣ ਤੇ ਕਿ ਕੀ ਹੋ ਗਿਆ ਹੈ ਪਤਰਸ ਦੀ ਪ੍ਰਤੀਕ੍ਰਿਆ ਤੇ ਧਿਆਨ ਦਿਓ: ''... ਅਤੇ ਓਵੇਂ ਕੁੱਕੜ ਨੇ ਬਾਂਗ ਦਿੱਤੀ। ... ਅਤੇ ਉਹ ਬਾਹਰ ਗਿਆ ਅਰ ਭੁੱਬਾਂ ਮਾਰ ਕੇ ਰੋਇਆ'' (ਆਇਤਾਂ 74ਅ, 75ਅ)।

ਪਾਠ ਦੇ ਦੂਜੇ ਭਾਗ ਤੇ ਜਾਣ ਲੱਗਿਆ ਇਸ ਦ੍ਰਿਸ਼ ਨੂੰ ਦਿਮਾਗ਼ 'ਚ ਰੱਖੋ।

## ਕੁੱਕੜ ਜਦ ਸਾਡੇ ਲਈ ਬਾਂਗ ਦਿੰਦਾ ਹੈ

ਅਸੀਂ ਆਪਣੇ ਆਪ ਨੂੰ ਧੋਖਾ ਨਾ ਦਈਏ। ਅਸੀਂ ਸਾਰੇ ਉੱਥੇ ਹੀ ਖੜੇ ਹਾਂ ਜਿੱਥੇ ਪਤਰਸ ਖੜਾ ਸੀ। ''ਮੈਂ ਉੱਥੇ ਖੜਾ ਸੀ ਜਿੱਥੇ ਮੂਸਾ ਖਲੋਤਾ ਸੀ'' ਸਿਰਲੇਖ ਹੇਠ ਮਰਹੂਮ ਫ੍ਰੈਡ ਮੈਕਲੰਗ ਦਾ ਇਕ ਸੰਦੇਸ਼ ਸੀ ਜਿਸ ਵਿਚ ਉਸ ਨੇ ਦੱਸਿਆ ਕਿ ਕਿਵੇਂ ਉਹਨੇ ਫ਼ਿਲਮਾਂ ਵਿਚ ਕੰਮ ਕਰਨ ਦਾ ਇਕ ਮੌਕਾ ਠੁਕਰਾ ਦਿੱਤਾ ਸੀ। ਮੂਸਾ ਵਾਂਗ ਜਿਹਨੇ ਫ਼ਿਰਊਨ ਦਾ ਮਹਿਲ ਛੱਡਿਆ ਸੀ, ਫ੍ਰੈਡ ਨੇ ਸੇਵਾ ਕਰਨ ਲਈ ਮਸ਼ਹੂਰੀ ਅਤੇ ਦੌਲਤ ਨੂੰ ਠੁਕਰਾ ਦਿੱਤਾ ਸੀ। ਹੋ ਸਕਦਾ ਹੈ ਕਿ ਅਸੀਂ ਉੱਥੇ ਨਾ ਖੜੇ ਹੋਈਏ ਜਿੱਥੇ ਫ੍ਰੈਡ ਜਾਂ ਮੂਸਾ ਖਲੋਤੇ ਸਨ, ਪਰ ਅਸੀਂ ਉੱਥੇ *ਖੜੇ ਹਾਂ* ਜਿੱਥੇ ਪਤਰਸ ਖਲੋਤਾ ਸੀ।

ਬੰਦਗੀ ਵਿਚ ਜਦ ਅਸੀਂ ''ਯਾ ਰਬ ਤੂੰ ਮੇਰੀ ਪਨਾਹ ਹੈਂ'' ਗਾਉਂਦੇ ਹਾਂ, ਤਾਂ ਸਾਡੇ ਅੰਦਰ ਹਿੰਮਤ ਆਉਂਦੀ ਹੈ। ਅਸੀਂ ਦੂਜੇ ਮਸੀਹੀ ਲੋਕਾਂ ਦੇ ਨਾਲ ਹੁੰਦੇ ਹਾਂ ਅਤੇ ਸਾਨੂੰ ਲਗਦਾ ਹੈ ਕਿ ਅਸੀਂ ਬੜੇ ਤਾਕਤਵਰ ਹਾਂ। ਜੇ ਕੋਈ ਪੁੱਛੇ ਕਿ ਅਸੀਂ ਕਦੇ ਮਸੀਹ ਦਾ ਇਨਕਾਰ ਕਰ ਸਕਦੇ ਹਾਂ, ਤਾਂ ਸਾਡਾ ਜਵਾਬ ਹੋਵੇਗਾ, ''ਕਦੇ ਨਹੀਂ!'' ਫਿਰ ਅਸੀਂ ''ਹਕੀਕਤ ਦੀ ਦੁਨੀਆਂ'' ਵਿਚ ਚਲੇ ਜਾਂਦੇ ਹਾਂ। ਜਦ ਅਜ਼ਮਾਇਸ਼ਾਂ ਸਾਡੇ ਤੇ ਪੈਂਦੀਆਂ ਹਨ, ਭੀੜ ਸਾਡੇ ਤੇ ਦਬਾਅ ਪਾਉਂਦੀ ਹੈ, ਸਾਨੂੰ ਮਜਬੂਰ ਕਰਦੀ ਹੈ, ਤਾਂ ਕਹਾਣੀ ਹੋਰ ਹੀ ਹੁੰਦੀ ਹੈ!

ਹਾਲ ਹੀ ਵਿਚ ਮੈਂ ਕਈ ਅਜਿਹੀਆਂ ਉਦਾਹਰਣਾਂ ਪੜ੍ਹੀਆਂ ਹਨ ਕਿ ਕਿਵੇਂ ਇਨਸਾਨਾਂ ਅਤੇ ਆਪਣੇ ਲੋਕਾਂ ਦਾ ਦਬਾਅ ਪੈਂਦਾ ਹੈ: ਇਕ ਬੋਲ਼ਾ ਲੜਕਾ ਸੁਣਨ ਵਾਲੀ ਮਸ਼ੀਨ ਕੰਨਾਂ 'ਚ ਨਹੀਂ ਲਾਏਗਾ ਕਿਉਂਕਿ ਇਸ ਨਾਲ ਉਹ ਅਜੀਬ ਲਗਦਾ ਹੈ। ਇਕ ਕੁੜੀ ਜਿਹਦੀ ਨਜ਼ਰ ਬਿਲਕੁਲ ਜਾ ਚੁਕੀ ਹੈ ਆਪਣੀ ਹਾਲਤ ਲੋਕਾਂ ਨੂੰ ਪਤਾ ਲੱਗਣ ਤੋਂ ਡਰਦੀ ਹੈ; ਕੰਧਾਂ ਅਤੇ ਸਮਾਨ ਵਿਚ ਵੱਜ ਕੇ ਸੱਟਾਂ ਭਾਵੇਂ ਖਾਂਦੀ ਰਹੇ। ਇਕ ਪ੍ਰਯੋਗ ਵਿਚ, ਟੀਨ-ਏਜਰਾਂ ਦਾ ਕਹਿਣਾ ਸੀ ਕਿ ਇਕ ਛੋਟੀ ਜਿਹੀ ਲਾਈਨ ਬਹੁਤ ਵੱਡੀ ਹੈ ਕਿਉਂਕਿ ਦੂਸਰੇ ਟੀਨ-ਏਜਰਾਂ ਨੇ ਇਹ ਕਿਹਾ ਸੀ। ਕੋਈ ਕਹਿੰਦਾ ਹੈ, ''ਹਾਂ, ਪਰ ਉਹ ਤਾਂ ਨੌ-ਜੁਆਨ ਹਨ।'' ਨਹੀਂ, ਅਸੀਂ ਸਾਰੇ ਇਸੇ ਤਰ੍ਹਾਂ ਕਰਦੇ ਹਾਂ। ਕੀ ਤੁਸੀਂ ਕਦੇ ਕਿਸੇ ਅਜਿਹੇ ਚੁਟਕਲੇ ਤੇ ਇਸ ਕਰਕੇ ਹੱਸੇ ਹੋ ਕਿਉਂਕਿ ਦੂਸਰੇ ਲੋਕ ਹੱਸ ਰਹੇ ਸਨ, ਜਦਕਿ ਤੁਹਾਨੂੰ ਲੱਗਾ ਹੋਵੇ ਕਿ ਉਸ ਵਿਚ ਹੱਸਣ ਵਾਲੀ ਕੋਈ ਗੱਲ ਨਹੀਂ ਹੈ?

ਬਹੁਤ ਵਾਰ ਜਦ ਹਕੀਕਤ ਦਾ ਸਾਡੀ ਭਲੀ ਮਨਸ਼ਾ ਨਾਲ ਟਾਕਰਾ ਹੁੰਦਾ ਹੈ, *ਤਾਂ ਅਸੀਂ ਮਸੀਹ ਦਾ ਇਨਕਾਰ ਕਰ ਦਿੰਦੇ ਹਾਂ।* ਅਸੀਂ ਉਹਦਾ ਇਨਕਾਰ ਗੱਲਾਂ ਨਾਲ, ਕੰਮਾਂ ਨਾਲ, ਜਾਂ ਜਦ ਬੋਲਣ ਦੀ ਲੋੜ ਹੋਵੇ ਤਦ ਚੁੱਪ ਰਹਿ ਕੇ ਕਰ ਸਕਦੇ ਹਾਂ। ਕਈ ਵਾਰ ਅਸੀਂ ਉਹਦਾ ਇਨਕਾਰ ਇੱਕੋ ਵਾਰ ਨਹੀਂ ਸਗੋਂ ਬਾਰ-ਬਾਰ ਉਸ ਤੋਂ ਮੁੱਕਰ ਕੇ ਕਰਦੇ ਹਾਂ ਅਤੇ ਸਾਡਾ ਅੰਤਹਕਰਣ ਸਾਨੂੰ ਕਦੇ ਝੰਜੋੜਦਾ ਨਹੀਂ।

ਇਹ ਦਿਲਚਸਪ ਹੈ ਕਿ ਅਸੀਂ ਕੁਝ ਸਮੇਂ ਲਈ ਅੰਤਹਕਰਣ ਨੂੰ ਸ਼ਾਂਤ ਕਰ ਸਕਦੇ ਹਾਂ। ਤੁਹਾਨੂੰ ਯਾਦ ਹੈ ਜਦ ਪਹਿਲੀ ਵਾਰ ਸੀਟ-ਬੈਲਟਾਂ ਨਿੱਕਲੀਆਂ ਸਨ? ਬਹੁਤ ਸਾਰੀਆਂ ਕਾਰਾਂ ਵਿਚ ਬੈਠਣ ਵਾਲਿਆਂ ਨੂੰ ਯਾਦ ਦਵਾਉਣ ਲਈ ਕਿ ਉਹ ਆਪਣੀਆਂ ਸੀਟ ਬੈਲਟਾਂ ਬੰਨ੍ਹ ਲੈਣ ਬਜ਼ਰ ਵੱਜਦਾ ਸੀ; ਸੀਟ ਬੈਲਟ ਦਾ ਬੱਕਲ ਨਾ ਲਾਉਣ ਤੇ ਬਜ਼ਰ ਦੀ ਘੰਟੀ ਵੱਜਦੀ ਰਹਿੰਦੀ ਸੀ। ਮੇਰੇ ਕਈ ਦੋਸਤਾਂ ਨੂੰ ਉਹ ਬਜ਼ਰ ਚੰਗਾ ਨਹੀਂ ਸੀ ਲਗਦਾ। ਉਹਨਾਂ ਨੂੰ ਬੈਲਟ ਪਾਉਣੀ ਪਸੰਦ ਨਹੀਂ ਜਿਸ ਕਾਰਣ ਬਜ਼ਰ ਦੀ ਅਵਾਜ਼ ਵੀ ਉਹਨਾਂ ਨੂੰ ਚੰਗੀ ਨਹੀਂ ਸੀ ਲਗਦੀ। ਇਸ ਲਈ ਉਹਨਾਂ ਨੇ ਬਜ਼ਰ ਬੰਦ ਕਰਵਾ ਦਿੱਤੇ। ਕਈਆਂ ਨੇ ਬਜ਼ਰ ਦਾ ਕਨੈਕਸ਼ਨ ਕਟਵਾ ਦਿੱਤਾ ਅਤੇ ਕਈ ਸੀਟ-ਬੈਲਟਾਂ ਤੇ ਬਜ਼ਰ ਲਾ ਕੇ ਉਹਨਾਂ ਉੱਤੇ ਬੈਠ ਜਾਂਦੇ ਸਨ। ਸਾਡੇ ਵਿੱਚੋਂ ਕਈ ਲੋਕ ਆਪਣੇ ਅੰਤਹਕਰਣ ਨਾਲ ਇਸੇ ਤਰ੍ਹਾਂ ਕਰਦੇ ਹਨ। ਅੰਤਹਕਰਣ ਪ੍ਰਮੇਸ਼ਵਰ ਦਾ ਸਭ ਤੋਂ ਮਹੱਤਵਪੂਰਣ ਚਿਤਾਵਨੀ ਦੇਣ ਵਾਲਾ ਔਜ਼ਾਰ ਹੈ-ਪਰ ਸਾਨੂੰ ਇਹ ਪਸੰਦ ਨਹੀਂ ਹੈ ਇਸ ਲਈ ਅਸੀਂ ਇਸ ਨੂੰ ਨਜ਼ਰਅੰਦਾਜ ਕਰ ਦਿੰਦੇ ਹਾਂ। ਅਸੀਂ ''ਇਸ ਦਾ ਕਨੈਕਸ਼ਨ ਕਟਵਾ ਕੇ'' ਚੱਲੇ ਰਹਿੰਦੇ ਹਾਂ।

ਅਸੀਂ ਤੁਰੇ ਰਹਿੰਦੇ ਹਾਂ *ਜਦ ਤਕ ਕੁੱਕੜ ਬਾਂਗ ਨਹੀਂ ਦਿੰਦਾ*-ਯਾਨੀ ਜਦ ਤਕ ਕੋਈ ਅਜਿਹੀ ਗੱਲ ਨਹੀਂ ਹੋ ਜਾਂਦੀ ਜਿਹਦੇ ਨਾਲ ਸਾਨੂੰ ਆਪਣਾ ਪਾਪ ਯਾਦ ਆ ਜਾਵੇ ਅਤੇ ਅਸੀਂ ਘਰ ਪਰਤ ਆਈਏ। ਇਹ ਗੱਲ ਕਿਸੇ ਦੋਸਤ ਦੀ ਹੋ ਸਕਦੀ ਹੈ। ਕਿਸੇ ਬਾਈਬਲ ਕਲਾਸ, ਸੰਦੇਸ਼, ਗੀਤ ਜਾਂ ਦੁਆ ਵਿਚ ਹੋ ਸਕਦਾ ਹੈ। ਸਿਹਤ ਦਾ ਖ਼ਰਾਬ ਹੋਣਾ ਹੋ ਸਕਦਾ ਹੈ। ਕਿਸੇ

ਦੋਸਤ ਦੀ ਮੌਤ ਹੋ ਸਕਦੀ ਹੈ। ਮਾਲੀ ਨੁਕਸਾਨ ਹੋ ਸਕਦਾ ਹੈ। ਪਰਿਵਾਰ ਵਿਚ ਆਈ ਕੋਈ ਮੁਸ਼ਕਲ ਹੋ ਸਕਦੀ ਹੈ। ਸਾਡੇ ਆਲੇ-ਦੁਆਲੇ ਸਾਡੇ ਸੰਸਾਰ ਦੀ ਬੜੀ ਮਾੜੀ ਹਾਲਤ ਹੋ ਸਕਦੀ ਹੈ।

ਬਾਈਬਲ ਕਈ ਵੱਖ-ਵੱਖ ''ਕੁੱਕੜਾਂ'' ਦੀ ਗੱਲ ਦੱਸਦੀ ਹੈ ਜਿਹਨਾਂ ਨਾਲ ਲੋਕ ਜਾਗਦੇ ਹਨ। ਆਦਮ ਅਤੇ ਹੱਵਾ ਲਈ ਇਹ ਕੁੱਕੜ ਬਾਗ-ਏ-ਅਦਨ ਵਿਚ ਪ੍ਰਮੇਸ਼ਵਰ ਦੇ ਚੱਲਣ ਸਮੇਂ ਉਹਦੀ ਅਵਾਜ਼ ਸੀ। ਦਾਊਦ ਲਈ, ਇਹ ''ਤੂੰ ਹੀ ਉਹ ਮਨੁੱਖ ਹੈਂ'' ਕਹਿਣ ਵਾਲਾ ਦੋਸਤ ਸੀ! ਯੋਨਾਹ ਲਈ ਮੱਛੀ ਦੇ ਪੇਟ ਵਿਚ ਰਹਿਣਾ ਸੀ। ਉਜਾੜੂ ਪੁੱਤਰ ਲਈ ਇਹ ਸੂਰਾਂ ਦੇ ਵਾੜੇ ਦਾ ਗੰਦ-ਮੰਦ ਅਤੇ ਫਲੀਆਂ ਦੇ ਸਹਾਰੇ ਰਹਿ ਕੇ ਭੁੱਖ ਦੀ ਤਕਲੀਫ਼ ਸੀ। ਕੁਝ ਵੀ ਹੋ ਸਕਦਾ ਹੈ।

ਇਹ ਜੋ ਵੀ ਹੋਵੇ, ਪਰ ਕੁੱਕੜ ਬਾਂਗ ਜ਼ਰੂਰ ਦਿੰਦਾ ਹੈ; ਦੋਸ਼ ਲਾਉਂਦੇ ਹੋਏ ਅੰਤਹਕਰਣ ਦਾ ਪੂਰਾ ਭਾਰ ਸਾਡੇ ਤੇ ਆਣ ਕੇ ਦਬਾਅ ਪਾਉਂਦਿਆਂ ਕੁਰਲਾਉਂਦਾ ਹੈ, ''ਤੂੰ ਦੋਸ਼ੀ ਹੈਂ, ਤੂੰ ਦੋਸ਼ੀ ਹੈਂ!'' ਫਿਰ ਅਸੀਂ ਕੁਰਲਾਉਂਦੇ ਹੋਏ ਪ੍ਰਤੀਕ੍ਰਿਆ ਦਿੰਦੇ ਹਾਂ, ''ਅਸੀਂ ਕੀ ਕੀਤਾ ਹੈ? ਅਸੀਂ ਇਹ ਕਿਵੇਂ ਕਰ ਸਕਦੇ ਸੀ? ਅਸੀਂ ਆਪਣੇ ਆਪ ਨੂੰ ਪ੍ਰਮੇਸ਼ਵਰ ਤੋਂ ਐਨੀ ਦੂਰ ਕਿਵੇਂ ਕਰ ਸਕਦੇ ਸੀ?''

ਕੁੱਕੜ ਦੇ ਬਾਂਗ ਦੇਣ ਤੇ ਤਿੰਨ ਤਰ੍ਹਾਂ ਨਾਲ ਪ੍ਰਤੀਕ੍ਰਿਆ ਦਿੱਤੀ ਜਾਂਦੀ ਹੈ।

**ਯਾਦ ਕਰਨ ਦਾ ਸਮਾਂ**

ਪਹਿਲਾਂ ਤਾਂ ਇਹ ਯਾਦ ਕਰਨ ਲਈ ਸਮਾਂ ਹੁੰਦਾ ਹੈ। ਪਾਠ ਨਾਲ ਜੁੜੀ ਬਾਈਬਲ ਦੀ ਆਇਤ ਵਿਚ ਕਿਹਾ ਗਿਆ ਹੈ, ''ਤਦੋਂ ਪਤਰਸ ਨੂੰ ਉਹ ਗੱਲ ਚੇਤੇ ਆਈ ਜਿਹੜੀ ਯਿਸੂ ਨੇ ਆਖੀ ਸੀ'' (ਆਇਤ 75ੳ)।

ਸਾਨੂੰ ਚੰਗੀ ਸਿੱਖਿਆ ਦਿੱਤੀ ਗਈ ਹੈ। ਸਾਨੂੰ ਪਤਾ ਹੈ ਕਿ ਜ਼ਿੰਦਗੀ ਕਿਵੇਂ ਜੀਊਣੀ ਹੈ। ਸਾਨੂੰ ਪਤਾ ਹੈ ਕਿ ਕਿਵੇਂ ਕੰਮ ਕਰਨਾ ਹੈ। ਪਰ ਕਿਸੇ ਕਾਰਣ, ਅਸੀਂ ਉਸ ਸਭ ਨੂੰ ਜੋ ਅਸੀਂ ਸਿੱਖਿਆ ਹੈ ਆਪਣੇ ਮਨਾਂ ਚੋਂ ਬਾਹਰ ਕੱਢ ਦਿੰਦੇ ਹਾਂ। ਹੁਣ, ਯਾਦ ਕਰਨ ਦਾ ਸਮਾਂ ਹੈ।

ਯਾਦ ਜ਼ਰੂਰੀ ਹੈ। ਉਜਾੜੂ ਪੁੱਤਰ ਨੂੰ ਆਪਣੇ ਪਿਤਾ ਦਾ ਘਰ ਯਾਦ ਆਇਆ। ਯਿਸੂ ਨੇ ਅਫ਼ਸੁਸ ਦੀ ਕਲੀਸੀਆ ਨੂੰ ਕਿਹਾ, ''ਚੇਤੇ ਕਰ ਜੋ ਤੂੰ ਕਿੱਥੋਂ ਡਿੱਗਾ ਸੈਂ'' (ਪ੍ਰਕਾਸ਼ ਦੀ ਪੋਥੀ 2:5)।

ਤੁਹਾਨੂੰ ਕੀ ਯਾਦ ਕਰਨ ਦੀ ਲੋੜ ਹੈ? ਯਾਦ ਕਰੋ ਕਿ ਪ੍ਰਮੇਸ਼ਵਰ ਤੁਹਾਨੂੰ ਪਿਆਰ ਕਰਦਾ ਹੈ-ਜਿਵੇਂ ਯਿਸੂ ਚੇਲਿਆਂ ਨੂੰ ਪਿਆਰ ਕਰਦਾ ਸੀ, ਤਾਂ ਵੀ ਉਹਨੇ ਉਹਨਾਂ ਦੇ ਖਿੱਲਰ ਜਾਣ ਦੀ ਗੱਲ ਕੀਤੀ। ਇੰਜੀਲ ਦੀ ਖ਼ੁਸ਼ਖ਼ਬਰੀ ਯਾਦ ਕਰੋ ਅਤੇ ਇਸ ਸਭ ਦੇ ਅਰਥ ਨੂੰ ਯਾਦ ਕਰੋ-ਜੋ ਯਿਸੂ ਨੇ ਆਪਣੀ ਮੌਤ ਅਤੇ ਜੀ ਉੱਠਣ ਬਾਰੇ ਚੇਲਿਆਂ ਨੂੰ ਦੱਸੀ ਸੀ। ਯਾਦ ਕਰੋ ਕਿ ਜੇ ਤੁਸੀਂ ਘਰ ਵਾਪਸ ਆ ਜਾਓ ਤਾਂ ਪ੍ਰਮੇਸ਼ਵਰ ਤੁਹਾਨੂੰ ਮਾਫ਼ ਕਰ ਦਵੇਗਾ। ਯਿਸੂ ਦੀਆਂ ਕਹੀਆਂ ਗੱਲਾਂ ਦਾ ਇਹੀ ਅਰਥ ਹੈ। ਡਿੱਗਣ ਦਾ ਅਰਥ ਮੌਤ ਨਹੀਂ ਹੈ; ਡਿੱਗਣਾ ਅਖ਼ੀਰ ਨਹੀਂ ਹੈ- ਜਦ ਤਕ ਅਸੀਂ ਇਹਨੂੰ ਅਖ਼ੀਰ ਹੋਣ ਨਾ ਦਈਏ।

**ਤੌਬਾ ਲਈ ਸਮਾਂ**

ਦੂਸਰਾ, ਕੁੱਕੜ ਦਾ ਬਾਂਗ ਦੇਣਾ ਤੌਬਾ ਕਰਨ ਦਾ ਸਮਾਂ ਹੁੰਦਾ ਹੈ। ''ਅਤੇ ਉਹ ਬਾਹਰ ਗਿਆ ਅਰ ਭੁੱਬਾਂ ਮਾਰ ਕੇ ਰੋਇਆ'' (ਆਇਤਾ 75ਅ)।

ਪਤਰਸ ਦੇ ਮਨ ਵਿਚ ਯਿਸੂ ਦੇ ਖ਼ਿਲਾਫ਼ ... ਜਾਂ ਲੋਕਾਂ ਦੇ ਆਗੂਆਂ ਦੇ ਖ਼ਿਲਾਫ਼ ... ਜਾਂ ਪ੍ਰਬੰਧ ਦੇ ਖਿਲਾਫ਼ ... ਜਾਂ ਸੰਸਾਰ ਦੀ ਹਾਲਤ ਦੇ ਖ਼ਿਲਾਫ਼ ... ਜਾਂ ਮੱਛੀਆਂ ਫੜ੍ਹਨ ਵਾਲਿਆਂ ਨਾਲ ਕੀਤੇ ਜਾਂਦੇ ਵਿਹਾਰ ਦੇ ਖ਼ਿਲਾਫ਼ ਕੋਈ ਕੜਵਾਹਟ ਨਹੀਂ ਸੀ। ਪਤਰਸ ਦੀ ਜੇ ਕੋਈ ਕੜਵਾਹਟ ਸੀ ਤਾਂ ਉਹ *ਪਤਰਸ* ਦੇ ਉਹ ਨਾ ਬਣ ਪਾਉਣ ਲਈ ਸੀ ਜੋ ਉਹਨੂੰ ਬਣਨਾ ਚਾਹੀਦਾ ਸੀ, ਉਹ ਨਾ ਕਰ ਪਾਉਣ ਲਈ ਸੀ ਜੋ ਉਹਨੂੰ ਕਰਨਾ ਚਾਹੀਦਾ ਸੀ।

ਯਹੂਦਾ ਅਤੇ ਪਤਰਸ ਵਿਚਕਾਰ ਕਈ ਵਾਰ ਤੁਲਨਾ ਕੀਤੀ ਜਾਂਦੀ ਹੈ। ਯਹੂਦਾ ਵੀ ਪ੍ਰਭੂ ਨੂੰ ਵੇਚਣ ਦੇ ਬਾਅਦ ਪਸ਼ਚਾਤਾਪ ਨਾਲ ਭਰ ਗਿਆ ਸੀ। ਪਰ ਉਹਦਾ ਕੋਈ ਅੱਥਰੂ ਨਹੀਂ ਵਗਿਆ। ਸਗੋਂ ਜਾ ਕੇ ਫਾਹਾ ਲੈ ਲਿਆ (ਤੁਲਨਾ ਮੱਤੀ 27:3)। ਸੰਸਾਰੀ ਸੋਗ ਅਤੇ ਪ੍ਰਮੇਸ਼ਵਰ ਯੋਗ ਉਦਾਸੀ ਵਿਚ ਫ਼ਰਕ ਹੈ (2 ਕੁਰਿੰਥੀਆਂ 7:10), ਉਦਾਸ ਹੋਣ ਅਤੇ ਤੌਬਾ ਕਰਨ ਵਿਚ ਫ਼ਰਕ ਹੈ।

ਜਦ ਕੁੱਕੜ ਬਾਂਗ ਦਿੰਦਾ ਹੈ, ਤਾਂ ਇਹ ਸਮਾਂ ਖ਼ੁਸ਼ੀ ਦਾ ਨਹੀਂ ਹੁੰਦਾ। ਹੋ ਸਕਦਾ ਹੈ ਕਿ ਤੁਸੀਂ ਕੁੱਕੜ ਨੂੰ ਚੁੱਪ ਕਰਾਉਣ ਲਈ ਕੁਝ ਦਾਣੇ ਪਾਉਣ ਦੀ ਅਜ਼ਮਾਇਸ਼ 'ਚ ਪੈ ਜਾਓ। ਤੁਸੀਂ ਉਹਦੀ ਧੌਣ ਮਰੋੜਨ ਦੀ ਅਜ਼ਮਾਇਸ਼ 'ਚ ਵੀ ਪੈ ਸਕਦੇ ਹੋ। ਪਰ ਪ੍ਰਮੇਸ਼ਵਰ ਦੇ ਪ੍ਰਬੰਧ ਵਿਚ, ''ਕੁੱਕੜ ਦੀਆਂ ਇਹ ਬਾਂਗਾਂ'' ਸਾਨੂੰ ਜਗਾਉਣ, ਅਰਥਾਤ ਆਪਣੇ ਧ੍ਰੋਹ ਦੇ ਖ਼ਤਰੇ ਨੂੰ ਵਿਖਾਉਣ ਲਈ ਮਦਦਗਾਰ ਹਨ। ਇਸ ਲਈ ਜਦ ਕੁੱਕੜ ਬਾਂਗ ਦਿੰਦਾ ਹੈ ਤਾਂ ਉਸ ਨਾਲ ਸਾਡਾ ਦਿਲ ਟੁੱਟਣਾ ਚਾਹੀਦਾ ਹੈ, ਤਾਂ ਕਿ ਅਸੀਂ ਤੌਬਾ ਕਰਕੇ ਕਹਿ ਸਕੀਏ, ''ਹੇ ਪ੍ਰਮੇਸ਼ਵਰ, ਅਸੀਂ ਪਾਪ ਕੀਤਾ ਹੈ। ਅਸੀਂ ਵਿਚਾਰ, ਗੱਲਾਂ, ਅਤੇ ਕੰਮਾਂ ਨਾਲ ਤੇਰਾ ਇਨਕਾਰ ਕੀਤਾ ਹੈ, ਪਰ ਤੇਰੀ ਮਦਦ ਨਾਲ ਅਸੀਂ ਠੀਕ ਹੋ ਜਾਂਵਾਂਗੇ!''

**ਨਵਿਆਉਣ ਦਾ ਸਮਾਂ**

ਇਹ ਸਾਨੂੰ ਤੀਜੀ ਗੱਲ ਯਾਦ ਕਰਾਉਂਦਾ ਹੈ ਕਿ ਜਦ ਕੁੱਕੜ ਬਾਂਗ ਦਿੰਦਾ ਹੈ ਤਾਂ ਇਹਦਾ ਮਤਲਬ ਇਹ ਹੈ ਕਿ ਹੁਣ ਨਵਿਆਉਣ ਦਾ ਸਮਾਂ ਹੈ।

ਕੋਈ ਪੁੱਛ ਸਕਦਾ ਹੈ, ''ਤੁਹਾਨੂੰ ਕਿਵੇਂ ਪਤਾ ਹੈ ਕਿ ਪਤਰਸ ਦੇ ਅੱਥਰੂਆਂ ਤੋਂ ਸੱਚੇ ਮਨੋਂ ਤੌਬਾ ਦਾ ਹੀ ਪਤਾ ਲਗਦਾ ਸੀ ਨਾ ਕਿ ਸਿਰਫ਼ ਉਹਦੇ ਪਛਤਾਵੇ ਦਾ?'' ਜਵਾਬ ਪਤਰਸ ਦੇ ਅਗਲੇ ਕੰਮਾਂ ਵਿਚ ਵੇਖਿਆ ਜਾ ਸਕਦਾ ਹੈ। ਯਿਸੂ ਨੇ ਪਤਰਸ ਨੂੰ ਇਕ ਹੋਰ ਮੌਕਾ ਦਿੱਤਾ ਅਤੇ ਉਹਨੇ ਇਹਦਾ ਫ਼ਾਇਦਾ ਉਠਾਇਆ ਅਤੇ ਜਦ ਯਿਸੂ ਨੇ ਚੇਲਿਆਂ ਨੂੰ ਦੱਸਿਆ ਕਿ ਉਹ ਡਿੱਗ ਜਾਣਗੇ ਅਤੇ ਖਿੱਲਰ ਜਾਣਗੇ ਅਤੇ ਉਹਨਾਂ ਨੂੰ ਇਹ ਵੀ ਦੱਸਿਆ ਕੀ ਉਹ ਮੁਰਦਿਆਂ ਵਿੱਚੋਂ ਜੀ ਉੱਠੇਗਾ ਅਤੇ ਗਲੀਲ ਵਿਚ ਉਹਨਾਂ ਨੂੰ ਮਿਲੇਗਾ (ਮੱਤੀ 26:31, 32)। ਮੁਰਦਿਆਂ ਵਿੱਚੋਂ ਯਿਸੂ ਦੇ ਜੀ ਉੱਠਣ ਦੇ ਬਾਅਦ, ਇਕ ਫ਼ਰਿਸਤੇ ਨੇ ਖੁੱਲ੍ਹੀ ਕਬਰ ਤੇ ਔਰਤਾਂ ਨੂੰ ਕਿਹਾ ਸੀ ''ਛੇਤੀ ਜਾ ਕੇ ਉਹ ਦੇ ਚੇਲਿਆਂ ਨੂੰ ਆਖੋ ਭਈ ਉਹ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ ਅਤੇ ਵੇਖੋ ਉਹ ਤੁਹਾਥੋਂ ਅੱਗੇ ਗਲੀਲ ਨੂੰ ਜਾਂਦਾ ਹੈ, ਉਹ ਨੂੰ ਤੁਸੀਂ ਉੱਥੇ ਵੇਖੋਗੇ'' (ਮੱਤੀ 28:7)। ਯੂਹੰਨਾ 21 ਗਲੀਲ ਦੀ ਝੀਲ ਤੇ ਯਿਸੂ ਦੀ ਚੇਲਿਆਂ ਨੂੰ ਮੁਲਾਕਾਤ-ਅਤੇ ਖ਼ਾਸ ਤੌਰ ਤੇ ਪਤਰਸ ਨਾਲ ਯਿਸੂ ਦੀ ਗੱਲ-ਬਾਤ ਬਾਰੇ ਦੱਸਦਾ ਹੈ ਜਿਸ ਵਿਚ ਯਿਸੂ ਕਈ ਸਵਾਲ ਪੁੱਛਦਾ ਹੈ:

> ਯਿਸੂ ਨੇ ਸ਼ਮਊਨ ਪਤਰਸ ਨੂੰ ਆਖਿਆ, ਹੇ ਸ਼ਮਊਨ ਯੂਹੰਨਾ ਦੇ ਪੁੱਤਰ, ਕੀ ਤੂੰ

> ਮੈਨੂੰ ਇਹਨਾਂ ਨਾਲੋਂ ਵੱਧ ਪਿਆਰ ਕਰਦਾ ਹੈਂ? ਓਨ ਉਸ ਨੂੰ ਆਖਿਆ, ਹਾਂ ਪ੍ਰਭੂ ਜੀ ਤੂੰ ਜਾਣਦਾ ਹੈਂ ਜੋ ਮੈਂ ਤੇਰੇ ਨਾਲ ਹਿਤ ਕਰਦਾ ਹਾਂ। ਓਨ ਉਹ ਨੂੰ ਕਿਹਾ, ਮੇਰੇ ਲੇਲਿਆਂ ਨੂੰ ਚਾਰ। ਉਸ ਨੇ ਫੇਰ ਦੂਜੀ ਵਾਰ ਉਹ ਨੂੰ ਕਿਹਾ, ਹੇ ਸ਼ਮਊਨ ਯੂਹੰਨਾ ਦੇ ਪੁੱਤਰ ਕੀ ਤੂੰ ਮੈਨੂੰ ਪਿਆਰ ਕਰਦਾ ਹੈਂ? ਓਨ ਉਸ ਨੂੰ ਆਖਿਆ, ਹਾਂ ਪ੍ਰਭੂ ਜੀ ਤੂੰ ਜਾਣਦਾ ਹੈਂ ਜੋ ਮੈਂ ਤੇਰੇ ਨਾਲ ਹਿਤ ਕਰਦਾ ਹਾਂ। ਉਸ ਨੇ ਉਹ ਨੂੰ ਕਿਹਾ, ਮੇਰੀਆਂ ਭੇਡਾਂ ਦੀ ਰੱਖਿਆ ਕਰ। ਉਸ ਨੇ ਤੀਜੀ ਵਾਰ ਉਹ ਨੂੰ ਕਿਹਾ, ਹੇ ਸ਼ਮਊਨ ਯੂਹੰਨਾ ਦੇ ਪੁੱਤਰ ਕੀ ਤੂੰ ਮੇਰੇ ਨਾਲ ਹਿਤ ਕਰਦਾ ਹੈਂ? ਪਤਰਸ ਉਦਾਸ ਹੋਇਆ ਇਸ ਲਈ ਜੋ ਉਹ ਨੇ ਤੀਜੀ ਵਾਰ ਉਹ ਨੂੰ ਕਿਹਾ, ਕੀ ਤੂੰ ਮੇਰੇ ਨਾਲ ਹਿਤ ਕਰਦਾ ਹੈਂ? ਅਤੇ ਉਸ ਨੂੰ ਆਖਿਆ, ਪ੍ਰਭੂ ਜੀ ਤੂੰ ਸਭ ਜਾਣੀ ਜਾਣ ਹੈਂ। ਤੈਨੂੰ ਮਲੂਮ ਹੈ ਜੋ ਮੈਂ ਤੇਰੇ ਨਾਲ ਹਿਤ ਕਰਦਾ ਹਾਂ। ਯਿਸੂ ਨੇ ਉਹ ਨੂੰ ਆਖਿਆ, ਮੇਰੀਆਂ ਭੇਡਾਂ ਨੂੰ ਚਾਰ (ਯੂਹੰਨਾ 21:15-17)।

ਪਤਰਸ ਨੇ ਤਿੰਨ ਵਾਰ ਇਨਕਾਰ ਕੀਤਾ ਸੀ, ਅਤੇ ਤਿੰਨ ਵਾਰ ਹੀ, ਯਿਸੂ ਨੇ ਪਤਰਸ ਦੇ ਪਿਆਰ ਦੀ ਪੁਸ਼ਟੀ ਕਰਵਾਈ।

ਮੈਂ ਖ਼ਾਸ ਤੌਰ ਤੇ ਇਹ ਧਿਆਨ ਦਵਾਉਣਾ ਚਾਹੁੰਦਾ ਹਾਂ ਕਿ ਯਿਸੂ ਕੋਲ ਅਜੇ ਵੀ ਪਤਰਸ ਕੋਲੋਂ ਕਰਵਾਉਣ ਲਈ ਕੰਮ ਹੈ ਸੀ। ਤਿੰਨ ਵਾਰ ਯਿਸੂ ਨੇ ਕਿਹਾ, ''ਮੇਰੀਆਂ ਭੇਡਾਂ ਨੂੰ ਚਾਰ।'' ਪਤਰਸ ਨੇ ਭਿਆਨਕ ਪਾਪ ਕੀਤਾ ਸੀ, ਪਰ ਪਤਰਸ ਨੇ ਅਖ਼ੀਰ ਨਹੀਂ ਕੀਤੀ ਸੀ। ਉਹ ''ਪ੍ਰਭੂ ਕੋਲੋਂ ਦੂਜਾ ਮੌਕਾ ਲੈਣ ਲਈ'' ਉਹਦੇ ਆਹਮੋ ਸਾਹਮਣੇ ਸੀ।

ਪਤਰਸ ਨੇ ਇਸ ਕਿਰਪਾ ਭਰੇ ਮੌਕੇ ਦਾ ਪੂਰਾ ਫ਼ਾਇਦਾ ਉਠਾਇਆ। ਅਸੀਂ ਉਹਨੂੰ ਰਸੂਲਾਂ ਦੇ ਕੰਮ 2 ਅਧਿਆਇ ਵਿਚ ਪਿੰਤੇਕੁਸਤ ਦੇ ਦਿਨ ਯਿਸੂ ਦੇ ਮਸੀਹ ਹੋਣ ਦਾ ਐਲਾਨ ਕਰਨ ਲਈ ਖੜਾ ਵੇਖਦੇ ਹਾਂ। ਰਸੂਲਾਂ ਦੇ ਕੰਮ 10 ਵਿਚ ਅਸੀਂ ਉਹਨੂੰ ਕੁਰਨੇਲਿਉਸ ਅਤੇ ਉਹਦੇ ਘਰਾਣੇ ਨੂੰ ਵਚਨ ਸੁਣਾਉਣ ਲਈ ਕੈਸਰੀਆ ਵਿਚ ਇਕ ਘਰ ਵਿਚ ਜਾਂਦੇ ਵੇਖਦੇ ਹਾਂ!

ਕੁੱਕੜ ਦੇ ਬਾਂਗ ਦੇਣ ਤੇ ਜੇ ਅਸੀਂ ਨਾ ਚਾਹੀਏ ਤਾਂ ਇਹ ਦਾ ਮਤਲਬ ਇਹ ਨਹੀਂ ਹੈ ਕਿ ਅਖ਼ੀਰ ਹੋ ਗਈ ਹੈ। ਇਹ ਸਿਰਫ਼ ਸ਼ੁਰੂਆਤ ਵੀ ਹੋ ਸਕਦੀ ਹੈ, ਜੇ ਅਸੀਂ ਸਕਾਰਾਤਮਕ ਤਰੀਕੇ ਨਾਲ ਜਵਾਬ ਦਈਏ। ਪਤਰਸ ਨੂੰ ਬੜਾ ਜ਼ਬਰਦਸਤ ਤਜ਼ਰਬਾ ਹੋਇਆ ਸੀ ਜਿਸ ਨਾਲ ਉਹ ਹੋਰ ਵੀ ਸਿਆਣਾ ਅਤੇ ਪ੍ਰਭੂ ਲਈ ਉਪਯੋਗੀ ਬਣ ਕੇ ਨਿੱਕਲਿਆ ਸੀ। ਇਕ ਪੁਰਾਣੀ ਲੋਕਕਥਾ ਹੈ ਕਿ ਬਾਅਦ ਵਿਚ ਇਸੇ ਜੀਵਨ ਵਿਚ, ਪਤਰਸ ਨੂੰ ਜਦ ਵੀ ਕੁੱਕੜ ਦੀ ਬਾਂਗ ਸੁਣਦੀ, ਉਹ ਪ੍ਰਚਾਰ ਕਰਦਿਆਂ ਲੜਖੜਾ ਜਾਂਦਾ ਅਤੇ ਉਹਦਾ ਚਿਹਰਾ ਸੁਰਖ ਹੋ ਜਾਂਦਾ ਸੀ, ਪਰ ਫਿਰ ਉਹ ਹੋਰ ਵੀ ਜੋਸ਼ ਅਤੇ ਉਤਸ਼ਾਹ ਨਾਲ ਪਿਆਰ ਅਤੇ ਸਮਝਦਾਰੀ ਨਾਲ ਨਵੇਂ ਸਿਰਿਓਂ ਸ਼ੁਰੂ ਕਰਦਾ।

ਇਕ ਗਲਤੀ, ਭਾਵੇਂ ਉਹ ਕਿੰਨੀ ਵੀ ਵੱਡੀ ਕਿਉਂ ਨਾ ਹੋਵੇ, ਨੂੰ ਆਪਣੀ ਜ਼ਿੰਦਗੀ ਨੂੰ ਬਰਬਾਦ ਕਰਨ ਜਾਂ ਜੋ ਪ੍ਰਮੇਸ਼ਵਰ ਤੁਹਾਨੂੰ ਬਣਾਉਣਾ ਚਾਹੁੰਦਾ ਹੈ ਉਸ ਤੋਂ ਘੱਟ ਬਣਨ ਦੀ ਇਜਾਜ਼ਤ ਨਾ ਦਿਓ। ਕੁੱਕੜ ਦਾ ਬਾਂਗ ਦੇਣਾ, ਜਾਗ ਉੱਠਣ ਦਾ ਸੰਕੇਤ ਹੁੰਦਾ ਹੈ! ਇਹ ਨਵਿਆਉਣ ਜਾਂ ਨਵੇਂ ਸਿਰਿਓਂ ਸ਼ੁਰੂ ਕਰਨ ਦਾ ਵੇਲਾ ਹੈ।

## ਸਾਰ

ਇਸ ਕਹਾਣੀ ਵਿਚ ਇਕ ਖ਼ਾਸ ਸਬਕ ਹੈ ਜਿਹੜਾ ਅਸਾਨੀ ਨਾਲ ਭੁੱਲਿਆ ਜਾ ਸਕਦਾ ਹੈ।

ਇੰਜੀਲ ਦੇ ਸਭ ਲੇਖਕਾਂ ਨੇ ਪਤਰਸ ਦੇ ਡਿੱਗਣ ਬਾਰੇ ਦੱਸਿਆ ਹੈ। ਜ਼ਿਆਦਾਤਰ ਰੂੜੀਵਾਦੀ ਵਿਦਵਾਨਾਂ ਦਾ ਮੰਨਣਾ ਹੈ ਕਿ ਮਰਕੁਸ ਦਾ ਵਿਰਤਾਂਤ ਪਹਿਲਾਂ ਲਿਖਿਆ ਗਿਆ ਸੀ; ਇਸ ਲਈ ਕਹਾਣੀ ਨੂੰ ਇਸ ਤਰ੍ਹਾਂ ਪੇਸ਼ ਕਰਨ ਵਾਲਾ ਉਹ ਪਹਿਲਾ ਲੇਖਕ ਸੀ। ਜ਼ਿਆਦਾਤਰ ਇਹ ਵੀ ਸਮਝਦੇ ਹਨ ਕਿ ਮਰਕੁਸ ਦੀ ਇੰਜੀਲ ਅਸਲ 'ਚ ਯਿਸੂ ਦੀ ਕਹਾਣੀ ਦਾ ਪਤਰਸ ਦੁਆਰਾ ਦੱਸਿਆ ਵਿਰਤਾਂਤ ਹੈ। ਪਪਿਆਸ ਦਾ ਦਾਅਵਾ ਸੀ ਕਿ ਮਰਕੁਸ ਦੀ ਇੰਜੀਲ ਪਤਰਸ ਦੁਆਰਾ ਸੁਣਾਏ ਗਏ ਵਚਨ ਦਾ ਹੀ ਲਿਖਤੀ ਰੂਪ ਹੈ। ਦੂਜੇ ਸ਼ਬਦਾਂ ਵਿਚ, ਸਾਫ਼ ਹੈ ਕਿ ਪਤਰਸ ਦੇ ਐਨੇ ਵੱਡੇ ਪਾਪ ਨੂੰ ਲੋਕਾਂ ਸਾਹਮਣੇ ਜ਼ਾਹਿਰ ਕਰਨ ਵਾਲਾ ਪਹਿਲਾ ਸ਼ਖ਼ਸ ਖੁਦ ਪਤਰਸ ਹੀ ਸੀ।

ਇਹ ਤਾਂ ਇਵੇਂ ਹੈ ਜਿਵੇਂ ਪਤਰਸ ਕਹਿ ਰਿਹਾ ਹੋਵੇ, ''ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਨਾਲ ਕੀ ਹੋਇਆ ਤਾਂ ਜੋ ਤੁਸੀਂ ਇਸ ਤੋਂ ਫ਼ਾਇਦਾ ਲੈ ਲਓ। ਇਹਨਾਂ ਸਬਕਾਂ ਨੂੰ ਸਿੱਖੋ: ਪਹਿਲਾ, ਡਿੱਗ ਕੋਈ ਵੀ ਸਕਦਾ ਹੈ। ਮੈਂ ਸੋਚ ਵੀ ਨਹੀਂ ਸਕਦਾ ਸੀ ਕਿ ਮੈਂ ਡਿੱਗਾਂਗਾ, ਪਰ ਡਿੱਗ ਪਿਆ, ਤੁਸੀਂ ਵੀ ਡਿੱਗ ਸਕਦੇ ਹੋ। ਦੂਸਰਾ, ਡਿੱਗ ਪੈਣ ਦਾ ਮਤਲਬ ਇਹ ਨਹੀਂ ਕਿ ਅਖ਼ੀਰ ਹੋ ਗਈ ਹੈ। ਪ੍ਰਭੂ ਦਇਆ ਕਰਨ ਵਾਲਾ ਅਤੇ ਕਿਰਪਾਲੂ ਹੈ। ਉਹ ਤੁਹਾਨੂੰ ਦੂਜਾ ਮੌਕਾ ਦੇਵੇਗਾ। ਤੁਸੀਂ ਵਾਪਸ ਆ *ਸਕਦੇ ਹੋ*।''

ਮੈਨੂੰ ਇਹ ਸੋਚ ਕੇ ਖ਼ੁਸ਼ੀ ਹੋਵੇਗੀ ਕਿ ਇਹ ਪਾਠ ਕਿਸੇ ਲਈ ਕੁੱਕੜ ਦੀ ਬਾਂਗ ਹੋ ਸਕਦਾ ਹੈ, ਜਿਸ ਨਾਲ ਉਸ ਨੂੰ ਘੱਟੋ ਘੱਟ ਜੋ ਕੁਝ ਉਹਦੇ ਨਾਲ ਹੋਇਆ ਹੈ ਉਹਦਾ ਸਾਹਮਣਾ ਕਰਨ, ਤੌਬਾ ਕਰਨ ਅਤੇ ਵਾਪਸ ਆਉਣ ਲਈ ਉਤਸ਼ਾਹਿਤ ਹੋਣ ਲਈ ਦਲੇਰੀ ਮਿਲਦੀ ਹੈ।

ਸ਼ੈਤਾਨ ਦੇ ਦੋ ਪਸੰਦੀਦਾ ਝੂਠ ਹਨ। ਜੇ ਤੁਸੀਂ ਪ੍ਰਭੂ ਨੂੰ ਗ੍ਰਹਿਣ ਕਰਨਾ ਚਾਹੁੰਦੇ ਹੋ ਤਾਂ ਉਹ ਕਹੀ ਜਾਂਦਾ ਹੈ, ''ਇਹ ਛੇਤੀ ਕਾਹਦੀ ਹੈ। ਪ੍ਰਭੂ ਦਾ ਹੁਕਮ ਮੰਨਣ ਦੀ ਕਾਹਲੀ ਦੀ ਕੀ ਲੋੜ ਹੈ।'' ਤੁਹਾਡੇ ਭਿਆਨਕ ਪਾਪ ਕਰਨ ਦੇ ਬਾਅਦ, ਦੂਜਾ ਝੂਠ ਹੈ ''ਹੁਣ ਤਾਂ ਤੀਰ ਕਮਾਨ 'ਚੋਂ ਨਿੱਕਲ ਗਿਆ ਹੈ, ਹੁਣ ਕੁਝ ਨਹੀਂ ਹੋ ਸਕਦਾ। ਤੂੰ ਬਹੁਤ ਦੂਰ ਨਿਕਲ ਗਿਆ ਹੈਂ।'' ਝੂਠ ਦੇ ਪਤੰਦਰ ਤੇ ਯਕੀਨ ਨਾ ਕਰੋ! ਪ੍ਰਭੂ ਨੂੰ ਆਪਣਾ ਦਿਲ ਦੇਣਾ ਕਦੇ ਵੀ ਐਨੀ ਛੇਤੀ ਨਹੀਂ ਹੈ, ਅਤੇ ਜੇ ਤੁਸੀਂ ਆਪਣੇ ਮਨ ਨੂੰ ਛੁਹਾਉਣਾ ਚਾਹੁੰਦੇ ਹੋ ਤਾਂ ਉਸ ਕੋਲ ਵਾਪਸ ਆਉਣ ਵਿਚ ਕਦੇ ਵੀ ਵੇਲਾ ਖੁੰਝਿਆ ਨਹੀਂ ਹੁੰਦਾ!

ਜਦ ਪਤਰਸ ਨੇ ਪਾਪ ਕੀਤਾ ਸੀ, ਤਾਂ ਪ੍ਰਭੂ ਨੇ ਰੁਕ ਕੇ ਉਸ ਵੱਲ ਵੇਖਿਆ। ਪ੍ਰਭੂ ਹੁਣ ਤੁਹਾਡੇ ਵੱਲ ਵੇਖ ਰਿਹਾ ਹੈ। ਇਹ ਕਿਹੋ ਜਿਹਾ ਵੇਖਣਾ ਹੈ? ਖ਼ੁਸ਼ੀ ਭਰਿਆ ਵੇਖਣਾ? ਨਿਰਾਸ਼ਾ ਭਰਿਆ ਵੇਖਣਾ? ਹੋਰ ਜੋ ਕੁਝ ਵੀ ਹੋਵੇ, ਮੈਨੂੰ ਯਕੀਨ ਹੈ ਕਿ ਇਹ ਪਿਆਰ ਤੇ ਤਰਸ ਭਰਿਆ ਵੇਖਣਾ ਹੈ।

ਜੇ ਤੁਸੀਂ ਮਸੀਹ ਵਿਚ ਬਪਤਿਸਮਾ ਨਹੀਂ ਲਿਆ ਜਾਂ ਪ੍ਰਭੂ ਕੋਲ ਵਾਪਸ ਨਹੀਂ ਆਏ ਤਾਂ ਕੀ ਤੁਸੀਂ ਉਹਨੂੰ ਆਪਣੇ ਦਿਲ ਨੂੰ ਛੂਹਣ ਦਿਓਗੇ?

---

ਟਿੱਪਣੀਆਂ

[1]ਮੇਰੇ ਦੋਸਤ ਚੈਸਟਡ ਡੇਵਿਡ ਦਾ ਸੁਝਾਅ ਹੈ ਕਿ ਇਸ ਤਰ੍ਹਾਂ ਕੁੱਕੜ ''ਆਪਣੇ ਇਲਾਕੇ ਦੀ ਨਿਸ਼ਾਨਦੇਹੀ'' ਕਰਦੇ ਹਨ-ਕਿ ਕੁੱਕੜ ਇਸ ਨਾਲ ਲੜਾਈ ਦਾ ਸੰਕੇਤ ਦਿੰਦਾ ਹੈ। [2]ਅਸੀਂ ਨਹੀਂ ਜਾਣਦੇ ਕਿ ਮੁਕੱਦਮੇ ਦੌਰਾਨ ਯੂਹੰਨਾ ਕਿੱਥੇ ਸੀ। ਸ਼ਾਇਦ ਉਹਨੂੰ ਕਾਰਵਾਈ ਵੇਖਣ ਲਈ ਅੰਦਰ ਆਉਣ ਦੀ ਇਜਾਜ਼ਤ ਸੀ। [3]ਅਮਰੀਕਾ ਵਿਚ ਇਹ ਦੋ ਵੱਖ ਵੱਖ ਬੋਲੀਆਂ ਹਨ। ਉਦਾਹਰਣ ਨੂੰ ਸਮਝਾਉਣ ਲਈ ਸਥਾਨਕ ਬੋਲੀਆਂ ਦੀ ਵਰਤੋਂ ਕੀਤੀ ਜਾ ਸਕਦੀ ਹੈ।